# ਦਫਤਰ ਜਿਲ੍ਹਾ ਸਿੱਖਿਆ ਅਫਸਰ (ਸੈ.ਸਿੱ) ਮਾਨਸਾ

ਵੱਲ

ਪ੍ਰਿੰਸੀਪਲ
ਸਸਸ ਮਾਨਸਾ (ਗ)

ਪੱਤਰ ਨੰ: ਅ-4/1( )ਸਿ.ਅ/2018 3821
ਮਿਤੀ ਮਾਨਸਾ: 8/6/18

ਵਿਸ਼ਾ: ਸਿਵਲ ਅਪੀਲ ਨੰ: 21/2018 ਪਸਵਕ ਕਮੇਟੀ ਸਸਸ (ਗ) ਮਾਨਸਾ ਰਾਂਹੀ ਪ੍ਰਿੰਸੀਪਲ ਸਸਸ (ਗ) ਮਾਨਸਾ ਬਨਾਮ ਸਰੋਜ਼ ਰਾਣੀ ਕੁੱਕ ਕੇ.ਜੀ.ਬੀ.ਹੋਸਟਲ ਸਸਸ (ਗ) ਮਾਨਸਾ ਕੇਸ ਵਿੱਚ ਪੈਰਵੀ ਕਰਨ ਸਬੰਧੀ ।

ਹਵਾਲਾ: ਇਸ ਦਫਤਰ ਦੇ ਪੱਤਰ ਨੰ: ਅ-4/1( )ਸਿ.ਅ/2018/2120-24 ਮਿਤੀ 2.4.2018 ਦੇ ਸਬੰਧ ਵਿੱਚ ।

ਉਪਰੋਕਤ ਵਿਸ਼ੇ ਸਬੰਧੀ ਆਪ ਵੱਲੋਂ ਜੋ ਸਿਵਲ ਅਪੀਲ ਨੰ: 21/2018 ਮਾਨਯੋਗ ਅਦਾਲਤ ਮਾਨਸਾ ਵਿਖੇ ਪਾਈ ਗਈ ਸੀ ਉਹ ਮਿਤੀ 10.7.2018 ਨੂੰ ਸੁਣਵਾਈ ਲਈ ਲੱਗਾ ਹੈ । ਸੋ ਆਪ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਉਕਤ ਨਿਸਚਿਤ ਮਿਤੀ ਨੂੰ ਸਰਵ ਸਿੱਖਿਆ ਅਭਿਆਨ ਅਥਾਰਟੀ ਦਫਤਰ ਮਾਨਸਾ ਅਤੇ ਜਿਲ੍ਹਾ ਅਟਾਰਨੀ ਮਾਨਸਾ ਜੀ ਨਾਲ ਤਾਲਮੇਲ ਕਰਕੇ ਉਹਨਾਂ ਨੂੰ ਲੋੜੀਦਾ ਰਿਕਾਡਰ ਉਪਲਬੱਧ ਕਰਵਾਇਆ ਜਾਵੇ ਅਤੇ ਇਸ ਕੇਸ ਦੀ ਹਰੇਕ ਪੇਸ਼ੀ ਸਮੇਂ ਸਿਰ ਅਟੈਂਡ ਕਰਦੇ ਹੋਏ ਪੇਸ਼ੀ ਤੇ ਹੋਈ ਅਦਾਲਤੀ ਕਾਰਵਾਈ ਬਾਰੇ ਇਸ ਦਫਤਰ ਨੂੰ ਜਾਣੂ ਕਰਵਾਇਆ ਜਾਵੇ । ਇਸ ਵਿੱਚ ਕਿਸੇ ਕਿਸਮ ਦੀ ਦੇਰੀ/ਅਣਗਹਿਲੀ ਲਈ ਜੁੰਮੇਵਾਰੀ ਆਪ ਦੀ ਹੋਵੇਗੀ ।

ਜਿਲ੍ਹਾ ਸਿੱਖਿਆ ਅਫਸਰ (ਸੈ.ਸਿੱ)
ਮਾਨਸਾ

ਪਿੱਠ ਅੰਕਣ ਨੰ: ਉਕਤ ਮਿਤੀ ਮਾਨਸਾ

ਉਪਰੋਕਤ ਦਾ ਉਤਾਰਾ ਹੇਠ ਲਿਖਿਆ ਨੂੰ ਸੂਚਨਾਂ ਅਤੇ ਅਗਲੇਰੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ ।

1. ਡਾਇਰੈਕਟਰ ਜਨਰਲ , ਸਕੂਲ ਸਿੱਖਿਆ ਪੰਜਾਬ ਅਜੀਤਗੜ੍ਹ ਜੀ ਨੂੰ ਭੇਜ ਕੇ ਬੇਨਤੀ ਕੀਤੀ ਜਾਂਦੀ ਹੈ ਕਿ ਇਹ ਮਾਮਲਾ ਸਰਵ-ਸਿੱਖਿਆ ਅਭਿਆਨ ਅਥਾਰਟੀ ਮਾਨਸਾ ਨਾਲ ਸਬੰਧਤ ਹੈ । ਇਸ ਲਈ ਕੋਆਰਡੀਨੇਟਰ ਸਰਵ ਸਿੱਖਿਆ ਅਭਿਆਨ ਮਾਨਸਾ ਨੂੰ ਵਿਭਾਗ ਦੀ ਤਰਫੋਂ ਹਰ ਪੇਸ਼ੀ ਅਟੈਂਡ ਕਰਨ ਦੀ ਹਦਾਇਤ ਕੀਤੀ ਜਾਵੇ।
2. ਜਿਲ੍ਹਾ ਸਿੱਖਿਆ ਅਫਸਰ (ਐ.ਸਿੱ) ਮਾਨਸਾ ।
3. ਕੋਆਰਡੀਨੇਟਰ ਸਰਵ ਸਿੱਖਿਆ ਅਭਿਆਨ ਅਥਾਰਟੀ ਮਾਨਸਾ ਨੂੰ ਭੇਜ ਕੇ ਹਦਾਇਤ ਕੀਤੀ ਜਾਂਦੀ ਹੈ ਕਿ ਇਹ ਕੇਸ ਆਪ ਜੀ ਨਾਲ ਸਬੰਧਤ ਹੈ। ਇਸ ਲਈ ਇਸ ਕੇਸ ਦੀ ਹਰੇਕ ਪੇਸ਼ੀ ਵਿਭਾਗ ਦੀ ਤਰਫੋਂ ਅਟੈਂਡ ਕਰਦੇ ਹੋਏ ਮਾਨਯੋਗ ਅਦਾਲਤ ਵਿੱਚ ਹੋਈ ਕਾਰਵਾਈ ਬਾਰੇ ਇਸ ਦਫਤਰ ਨੂੰ ਸੁਚਿਤ ਕੀਤਾ ਜਾਵੇ ।

ਜਿਲ੍ਹਾ ਸਿੱਖਿਆ ਅਫਸਰ (ਸੈ.ਸਿੱ)
ਮਾਨਸਾ

ਦਫਤਰ ਡਾਇਰੈਕਟਰ ਸਿੱਖਿਆ ਵਿਭਾਗ (ਸੈ:ਸਿ) ਪੰਜਾਬ, ਐਸ.ਏ.ਐਸ ਨਗਰ।

(ਅਮਲਾ-2 ਸ਼ਾਖਾ)

**(To Be Substituted With The Order Of Even No. and Date)**

ਹੁਕਮ ਨੰ: 15/788-2017 ਅਮਲਾ-2 (2)/ 335419
ਮਿਤੀ: ਐਸ.ਏ.ਐਸ ਨਗਰ 01.05.2018

ਸ੍ਰੀ ਤਰਸੇਮ ਚੰਦ, ਪੰਜਾਬੀ ਮਾਸਟਰ, ਸ.ਸ.ਸ.ਸ (ਮੁੰ) ਮਾਨਸਾ ਦੀ 89 ਦਿਨਾਂ ਤੇ ਨਿਯੁਕਤੀ ਮਿਤੀ 01.11.1983 ਨੂੰ ਕੀਤੀ ਗਈ ਸੀ। ਸਰਕਾਰ ਵੱਲੋਂ ਜਿਨ੍ਹਾਂ ਕਰਮਚਾਰੀਆਂ ਦੀ 01.04.1985 ਨੂੰ ਇੱਕ ਸਾਲ ਦੀ ਸੇਵਾ ਪੂਰੀ ਕਰਦੇ ਹਨ ਉਹਨਾਂ ਨੂੰ ਮਿਤੀ 01.04.1985 ਤੋਂ ਰੈਗੂਲਰ ਕਰਨ ਦੇ ਹੁਕਮ ਜਾਰੀ ਕੀਤੇ ਗਏ ਸਨ। ਜਿਸ ਅਨੁਸਾਰ ਕਰਮਚਾਰੀ ਵੱਲੋਂ ਵੀ ਆਪਣੀ ਸੇਵਾਵਾ 01.04.1985 ਤੋਂ ਰੈਗੂਲਰ ਕਰਨ ਦੀ ਪ੍ਰਤੀ ਬੇਨਤੀ ਦਿੱਤੀ ਗਈ ਸੀ।

ਕਰਮਚਾਰੀ ਦਾ ਕੇਸ ਵਾਚਣ ਉਪਰੰਤ ਇਹ ਤੱਥ ਸਾਹਮਣੇ ਆਇਆ ਕਿ ਸਰਕਾਰ ਵੱਲੋਂ ਉਕਤ ਹਦਾਇਤਾਂ ਵਿੱਚ ਸਪਸ਼ਟ ਕੀਤਾ ਗਿਆ ਹੈ ਕਿ ਕਿਸੇ ਵੀ ਕਰਮਚਾਰੀ ਦੀ ਬ੍ਰੇਕ ਦਾ ਸਮਾਂ 30 ਦਿਨਾਂ ਤੋਂ ਵੱਧ ਨਹੀਂ ਹੋਣਾ ਚਾਹੀਦੀ, ਪ੍ਰੰਤੂ ਇਸ ਉਪਰੰਤ ਸਰਕਾਰ ਦੇ ਪੱਤਰ ਮਿਤੀ 09.01.1987 ਰਾਹੀਂ ਇਹ ਸਪਸ਼ਟ ਕੀਤਾ ਗਿਆ ਸੀ ਕਿ ਕਰਫਿਊ ਵਾਲੇ ਸਮੇਂ ਨੂੰ ਬ੍ਰੇਕ ਪੀਰੀਅਡ ਨਹੀਂ ਮੰਨਿਆ ਜਾਵੇਗਾ। ਕਰਮਚਾਰੀ ਦਾ ਰਿਕਾਰਡ/ ਸਬੰਧਤ ਸਕੂਲ ਦਾ ਰਿਕਾਰਡ ਵੇਖਣ ਤੇ ਇਹ ਤੱਥ ਸਾਹਮਣੇ ਆਇਆ ਕਿ ਉਸ ਦੀ ਮਿਤੀ 20.04.1984 ਤੋਂ 18.03.1985 ਤੱਕ 67 ਦਿਨਾਂ ਦੀ ਬ੍ਰੇਕ ਹੈ। ਜਿਸ ਸਬੰਧੀ ਕਰਮਚਾਰੀ ਵੱਲੋਂ ਪ੍ਰਤੀ ਬੇਨਤੀ ਵਿੱਚ ਦੱਸਿਆ ਗਿਆ ਹੈ ਕਿ ਉਸ ਦੇ ਨਾਲ ਦੇ ਹੋਰ ਕਰਮਚਾਰੀਆ ਦੀ ਵੀ ਇਸ ਸਮੇਂ ਦੌਰਾਨ ਬ੍ਰੇਕ ਸੀ। ਇਸ ਸਮੇਂ ਦੌਰਾਨ ਜਿਲ੍ਹਾ ਮਾਨਸਾ ਵਿੱਚ ਕੋਈ ਵੀ ਕਰਫਿਊ ਘੋਸ਼ਿਤ ਨਹੀਂ ਕੀਤਾ ਗਿਆ ਸੀ। ਪ੍ਰੰਤੂ ਇਹ ਸੰਭਵ ਹੈ ਕਿ ਜਿੰਨ੍ਹਾ ਕਰਮਚਾਰੀਆ ਸਬੰਧੀ ਕਰਮਚਾਰੀ ਦੱਸ ਰਿਹਾ ਹੈ ਉਹਨਾਂ ਕਰਮਚਾਰੀਆ ਦੇ ਜਿਲ੍ਹਿਆ ਵਿੱਚ ਉਸ ਸਮੇਂ ਕਰਫਿਊ ਘੋਸ਼ਿਤ ਕੀਤਾ ਹੋਇਆ ਹੋਵੇ। ਇਸ ਲਈ ਹਰੇਕ ਕਰਮਚਾਰੀ ਦੀ ਸਥਿਤੀ ਵਖਰੀ ਹੈ। ਇਸ ਕਾਰਨ ਕਰਮਚਾਰੀ ਦਾ ਕੇਸ ਮਿਤੀ 01.04.1985 ਤੋਂ ਕਵਰ ਨਹੀਂ ਹੁੰਦਾ ਹੈ।

ਸਰਕਾਰ ਦੇ ਨੋਟੀਫਿਕੇਸ਼ਨ ਨੰ: 11/18/91-4PPIII/13098 ਮਿਤਹ 06.09.1991 ਅਨੁਸਾਰ ਹੇਠ ਲਿਖੇ ਅਨੁਸਾਰ ਕਰਮਚਾਰੀਆਂ ਦੀ ਸੇਵਾਵਾ ਰੈਗੂਲਰ ਕਰਨ ਸਬੰਧੀ ਪ੍ਰਵਾਨਗੀ ਜਾਰੀ ਕੀਤੀ ਗਈ ਹੈ:-

(1) (i) that the ad hoc/ temporarily appointed employees should have completed a minimum of two years service on 31st December, 1990. While calculating the period of service any break of notional nature not exceeding 30 days falling between ad hoc/ temporary appointments in the same category of post (s) and in the same Department is to be ignored. However, the break in ad hoc/ temporary service would not be ignored in cases where :

(a) the employess concerned that service of his own volition either to join some other Department or for some other reasons; or

(b) the ad hoc/ temporary appointment was against a post/ vacancy for which no regular recruitment was intended/ required to be made e.g. leave arrangements or filling of other short-term vacancies.

(ii) That they fulfil the condition of eligibility as prescribed (i.e. they have been recruited through the Employment Exchange or by open advertisement) academic qualifications, experience and the condition of age at the time of their first ad hoc/ temporary appointment in accordance with the Departmental Service Rules and instructions issued by the Government

ਉਕਤ ਦਰਸਾਈ ਗਈ ਸਥਿਤੀ ਅਨੁਸਾਰ ਕਿਉਂ ਜੋ ਇਸ ਕਰਮਚਾਰੀ ਦੀਆਂ ਸੇਵਾਵਾ ਉਕਤ ਅਨੁਸਾਰ 1991 ਦੀਆਂ ਹਦਾਇਤਾਂ ਅਨੁਸਾਰ ਪਹਿਲਾਂ ਹੀ ਮਿਤੀ 31.12.1990 ਤੋਂ ਰੈਗੂਲਰ ਕੀਤੀਆਂ ਹੋਈਆਂ ਹਨ ਅਤੇ ਹੁਣ ਇਸ ਦੇ

ਕੇਸ ਵਿੱਚ ਕੋਈ ਹੋਰ ਬਦਲਾਵ ਨਹੀਂ ਹੋ ਰਿਹਾ ਹੈ, ਇਸ ਲਈ ਸ੍ਰੀ ਤਰਸੇਮ ਚੰਦ, ਪੰਜਾਬੀ ਮਾਸਟਰ, ਸ.ਸ.ਸ.ਸ (ਮੁੰ) ਮਾਨਸਾ ਦਾ ਕੇਸ ਵਿਚਾਰਨ ਯੋਗ ਨਹੀਂ ਹੈ ਅਤੇ ਕਰਮਚਾਰੀ ਦੀ ਪ੍ਰਤੀ-ਬੇਨਤੀ ਦਫਤਰ ਦਾਖਲ ਕੀਤੀ ਜਾਂਦੀ ਹੈ।

ਪਰਮਜੀਤ ਸਿੰਘ, ਪੀ.ਸੀ.ਐਸ
ਡਾਇਰੈਕਟਰ ਸਿੱਖਿਆ ਵਿਭਾਗ (ਸੈ:ਸਿ)
ਪੰਜਾਬ।

ਪਿੱਠ ਅੰਕਣ ਨੰ: --ਉਕਤ--

ਮਿਤੀ: ਐਸ.ਏ.ਐਸ ਨਗਰ 24/5/18

ਉਤਾਰਾ ਹੇਠ ਲਿਖਿਆ ਨੂੰ ਸੂਚਨਾਂ ਅਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1. ਜਿਲ੍ਹਾ ਸਿੱਖਿਆ ਅਫਸਰ (ਸੈ:ਸਿ) ਮਾਨਸਾ ਨੂੰ ਉਹਨਾਂ ਦੇ ਪੱਤਰ ਨੰ: ਅ-1/1( )2017-18/2465 ਮਿਤੀ 16.04.2018 ਦੇ ਸਬੰਧ ਵਿੱਚ (ਸਮੇਤ ਕਰਮਚਾਰੀ ਦੀ ਅਸਲ ਸੇਵਾ ਪੱਤਰੀ (02)।
2. ਪ੍ਰਿੰਸੀਪਲ, ਸਰਕਾਰੀ ਸੀਨੀ. ਸੈਕੰ. ਸਕੂਲ ਮਾਨਸਾ।
3. ਸਬੰਧਤ ਕਰਮਚਾਰੀ।

ਸਹਾਇਕ ਡਾਇਰੈਕਟਰ (ਸ.ਪ੍ਰ-2)

ਦਫਤਰ ਜ਼ਿਲ੍ਹਾ ਸਿੱਖਿਆ ਅਫਸਰ (ਸ) ਮਾਨਸਾ
ਪਿੱਠ ਅੰਕਣ ਨੰ: ਅ-1/1( )2017-18/ 3832-33
ਮਿਤੀ ਮਾਨਸਾ 8/6/18

ਉਤਾਰਾ ਹੇਠ ਲਿਖਿਆ ਨੂੰ ਸੂਚਨਾ ਅਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1. ਡਾਇਰੈਕਟਰ ਸਿੱਖਿਆ ਵਿਭਾਗ (ਸੈ:ਸਿ:) ਅਜੀਤਗੜ੍ਹ
2. ਪ੍ਰਿੰਸੀਪਲ ਸ.ਸ.ਸ. ਮਾਨਸਾ (ਮੁੰਡੇ) ਮਾਨਸਾ ਨੂੰ ਭੇਜ ਕੇ ਲਿਖਿਆ ਜਾਂਦਾ ਹੈ ਕਿ ਹੁਕਮਾਂ ਦੀ ਕਾਪੀ ਸਬੰਧਤ ਕਰਮਚਾਰੀ ਨੂੰ ਤਮੀਲ ਕਰਵਾ ਕੇ ਤਮੀਲ ਰਿਪੋਰਟ ਦਫਤਰ ਨੂੰ ਭੇਜੀ ਜਾਵੇ।
3. ਸ੍ਰੀ ਤਰਸੇਮ ਚੰਦ ਪੰਜਾਬੀ ਮਾਸਟਰ ਸ.ਸ.ਸ. ਮਾਨਸਾ (ਮੁੰਡੇ) ਮਾ:

ਜਿਲਾ ਸਿੱਖਿਆ ਅਫਸਰ (ਸ:)
ਮਾਨਸਾ